

See The Possibilities

**ਅੱਖਾਂ ਦੀਆਂ ਪੰਜ ਗੰਭੀਰ ਸਥਤਿੀਆਂ**

# ਡਾਈਬੈਟਕਿ ਰੈਟੀਨੋਪੈਥੀ (ਸ਼ੱਕਰ ਰੋਗ ਕਾਰਨ ਰੈਟੀਨਾ ਵਕਿਾਰ)


ਡਾਈਬੈਟਕਿ ਰੈਟੀਨੋਪੈਥੀ ਹੋਣ ਦੀ ਸੰਭਾਵਨਾ ਉਦੋਂ ਹੁੰਦੀ ਹੈ ਜਦੋਂ ਸ਼ੱਕਰ ਰੋਗ ਦੇ ਕਾਰਨ ਰੈਟੀਨਾ ਵਿੱਚ ਲਹੂਲਹੂ ਦੀਆਂ ਨਾੜਾਂ ਖਰਾਬ ਹੋ ਜਾਂਦੀਆਂ ਹਨ।

## ਡਾਈਬੈਟਕਿ ਰੈਟੀਨੋਪੈਥੀ (ਸ਼ੱਕਰ ਰੋਗ ਕਾਰਨ ਹੋਣ ਵਾਲਾ ਰੈਟੀਨਾ ਵਕਿਾਰ) ਕੀ ਹੈ?

ਡਾਈਬੈਟਕਿ ਰੈਟੀਨੋਪੈਥੀ ਇੱਕ ਅਜਹਿੀ ਅੱਖ ਦੀ ਬਮਿਾਰੀ ਹੈ ਜੋ ਆਮ ਤੌਰ ਤੇ ਸ਼ੱਕਰ ਮੈਲੀਟਸ ਦੇ ਰੋਗ ਵਾਲੇ ਲੋਕਾਂ ਨੂੰ ਪ੍ਰਭਾਵਤਿ ਕਰਦੀ ਹੈ। ਜੇ ਤੁਸੀਂ ਸ਼ੱਕਰ ਰੋਗ ਦੇ ਮਰੀਜ਼ ਹੋ ਤਾਂ ਤੁਹਾਡਾ ਸਰੀਰ ਸਹੀ ਦੰਗ ਨਾਲ ਨਾ ਤਾਂ ਗਲੂਕੋਜ਼ (ਸ਼ੱਕਰ) ਦੀ ਵਰਤੋਂ ਕਰਦਾ ਹੈ ਅਤੇ ਨਾ ਹੀ ਇਸ ਨੂੰ ਸਟੋਰ ਕਰਦਾ ਹੈ, ਜਸਿ ਨਾਲ ਖੂਨ ਵਿੱਚ ਸ਼ੱਕਰ ਦੀ ਮਾਤਰਾ ਵੱਧ ਜਾਂਦੀ ਹੈ।

ਸਮੇਂ ਦੇ ਨਾਲ, ਲਹੂ ਵਿੱਚ ਸ਼ੱਕਰ ਦਾ ਉੱਚ ਪੱਧਰ ਰੈਟੀਨਾ ਵਿੱਚ ਲਹੂ ਦੀਆਂ ਨਾੜਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ (ਟਸ਼ੂ ਦੀ ਅੰਦਰਲੀ ਪਰਤ ਜੋ ਅੱਖ ਦੇ ਪਛਿਲੇ ਹਸਿੇ ਨੂੰ ਢੱਕਦੀ ਹੈ)। ਰੈਟੀਨਾ ਤੰਤੂਆਂ ਦੇ ਇੱਕ ਨੈਟਵਰਕ ਤੋਂ ਬਣਿਆ ਹੁੰਦਾ ਹੈ ਜੋ ਪ੍ਰਕਾਸ਼ ਦਾ ਪਤਾ ਲਗਾ ਕੇ ਅਤੇ ਦਮਿਾਗ ਤੱਕ ਤਸਵੀਰਾਂ ਨੂੰ ਭੇਜਣ ਵਿੱਚ ਮਦਦ ਕਰਦਾ ਹੈ। ਰੈਟੀਨਾ ਵਿੱਚ ਲਹੂ ਦੀਆਂ ਨਾੜਾਂ ਦੇ ਖਰਾਬ ਹੋਣ ਨਾਲ ਦ੍ਰਸ਼ਿਟੀ ਵੀ ਜਾ ਸਕਦੀ ਹੈ।

### ਸ਼ੱਕਰ ਰੋਗੀ ਦੀ ਅੱਖ




**ਸਧਾਰਨ ਨਜ਼ਰ।**



**ਡਾਈਬੈਟਕਿ ਰੈਟੀਨੋਪੈਥੀ ਨਜ਼ਰ ਦਾ ਨਾਸ**





# ਡਾਈਬੈਟਕਿ ਰੈਟੀਨੋਪੈਥੀ ਦੀਆਂ ਅਵਸਥਾਵਾਂ/ਕਸਿਮਾਂ

## ਨੋਨਪ੍ਰੋਲਫਿਰੇਟਵਿ ਡਾਈਬੈਟਕਿ ਰੈਟੀਨੋਪੈਥੀ (ਸ਼ੱਕਰ ਰੋਗ ਕਾਰਨ ਗੈਰ-ਪ੍ਰਸਾਰਕ ਰੈਟੀਨਾ ਵਕਿਾਰ) (NPDR)

ਇਹ ਸ਼ੁਰੂਆਤੀ ਅਵਸਥਾ ਹੈ, ਇਸ ਵੱਿਚ ਰੈਟੀਨਾ ਦੇ ਅੰਦਰ ਛੋਟੀਆਂ ਲਹੂ ਦੀਆਂ ਨਾੜਾਂ ਖ਼ੂਨ ਜਾਂ ਤਰਲ ਦਾ ਰਸਿਾਵ ਕਰਦੀਆਂ ਹਨ, ਜਸਿ ਨਾਲ ਰੈਟੀਨਾ ਤੇ ਸੋਜ ਆ ਜਾਂਦੀ ਹੈ ਜਾਂ ਇਸ ਤੇ ਰਸਿਾਵ ਜਮ੍ਹਾਂ ਹੋ ਜਾਂਦਾ ਹੈ ਜਸਿ ਨੂੰ ਐਕਸੂਡੇਟ (ਪੀਕ) ਕਹਿਾ ਜਾਂਦਾ ਹੈ। ਸ਼ੱਕਰ ਰੋਗ ਵਾਲੇ ਕਈ ਮਰੀਜਾਂ ਵੱਿਚ NPDR ਹਲਕਾ ਹੁੰਦਾ ਹੈ ਜੋ ਨਜ਼ਰ ਨੂੰ ਜਆਿਦਾ ਪ੍ਰਭਾਵਤਿ ਨਹੀਂ ਕਰਦਾ।

## ਮੈਕਯੂਲਰ ਐਡਮਿਾ (ਮੈਕਯੂਲਾ ਦੀ ਸੋਜ)

ਇਸ ਬਮਿਾਰੀ ਵੱਿਚ ਰਸਿਾਵ ਦੇ ਕਾਰਨ ਮੈਕਯੂਲਾ (ਚਮੜੀ ਜਹਿਾ ਇੱਕ ਭਾਗ, ਜਾਂ ਰੈਟੀਨਾ ਦਾ ਕੇਂਦਰ ਹੈ ਜਸਿ ਨਾਲ ਅਸੀਂ ਬਰੀਕ ਚੀਜ਼ਾਂ ਨੂੰ ਸਾਫ਼ ਤੌਰ ‘ਤੇ ਦੇਖ ਸਕਦੇ ਹਾਂ) ‘ਤੇ ਸੋਜ ਆ ਜਾਂਦੀ ਹੈ ਜਾਂ ਉਹ ਫੁੱਲ ਕੇ ਮੋਟਾ ਹੋ ਜਾਂਦਾ ਹੈ। ਇਹ ਸ਼ੱਕਰ ਰੋਗ ਵਾਲੇ ਲੋਕਾਂ ਵੱਿਚ ਨਜ਼ਰ ਦੇ ਨਾਸ ਹੋਣ ਦਾ ਸਭ ਤੋਂ ਆਮ ਕਾਰਨ ਬਣਦਾ ਹੈ।

## ਮੈਕਯੂਲਰ ਇਸਕੇਮੀਆ (ਮੈਕਯੂਲਾ ਵੱਿਚ ਅਵਰੋਧ)

ਇਹ ਰੋਗ ਰੈਟੀਨਾ ਵੱਿਚ ਕੋਸ਼ਕਿਾਵਾਂ (ਲਹੂ ਦੀਆਂ ਛੋਟੀਆਂ ਨਸਾਂ) ਦੇ ਬੰਦ ਹੋਣ ਨਾਲ ਸੰਬੰਧਤਿ ਹੈ। ਇਸ ਵੱਿਚ ਨਜ਼ਰ ਧੁੰਦਲੀ ਹੋ ਜਾਂਦੀ ਹੈ ਕਉਿਂਕ ਿਮੈਕਯੂਲਾ ਨੂੰ ਕੰਮ ਕਰਨ ਲਈ ਸਹੀ ਤਰੀਕੇ ਨਾਲ ਖ਼ੂਨ ਦੀ ਪੂਰੀ ਸਪਲਾਈ ਨਹੀਂ ਮਲਿਦੀ।

## ਪ੍ਰੋਲਫਿਰੇਟਵਿ ਡਾਈਬੈਟਕਿ ਰੈਟੀਨੋਪੈਥੀ (ਸ਼ੱਕਰ ਰੋਗ ਕਾਰਨ ਪ੍ਰਸਾਰਕ ਰੈਟੀਨਾ ਵਕਿਾਰ)

ਇਹ ਰੋਗ ਰੈਟੀਨਾ ਵੱਿਚ ਲਹੂ ਦੀਆਂ ਨਾੜਾਂ ਦੇ ਅਸਾਧਾਰਨ ਰੂਪ ਵੱਿਚ ਫੈਲਣ ਨਾਲ ਸੰਬੰਧਤਿ ਹੈ। ਇਹ ਨਵੀਆਂ ਬਣੀਆਂ ਨਾੜਾਂ ਨਾਜ਼ਕ ਹੁੰਦੀਆਂ ਹਨ ਅਤੇ ਇਸ ਤੋਂ ਲਹੂ ਦੇ ਰਸਿਾਵ ਦੀ ਸੰਭਾਵਨਾ ਹੁੰਦੀ ਹੈ, ਜੋ ਨਜ਼ਰ ਵੱਿਚ ਰੁਕਾਵਟ ਪੈਦਾ ਕਰਦਾ ਹੈ। ਉਹ ਟਸ਼ਿੂ ‘ਤੇ ਜ਼ਖਮ ਵੀ ਬਣਾ ਸਕਦੇ ਹਨ ਜੋ ਰੈਟੀਨਾ ਨੂੰ ਖਰਾਬ ਕਰਦੇ ਹਨ ਜਾਂ ਅਤਅਿੰਤ ਖਰਾਬ ਹਲਾਤ ਵੱਿਚ ਇਸ ਨੂੰ ਅੱਖ ਦੀ ਦੀਵਾਰ ਤੋਂ ਅਲੱਗ ਵੀ ਕਰ ਦੰਿਦੇ ਹਨ।





## ਡਾਈਬੈਟਕਿ ਰੈਟੀਨੋਪੈਥੀ ਦੇ ਕਾਰਨ ਨਜ਼ਰ ਦੇ ਨਾਸ ਨੂੰ ਰੋਕਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਤੁਹਾਨੂੰ ਸ਼ੱਕਰ ਰੋਗ ਹੈ, ਤਾਂ ਡਾਈਬੈਟਕਿ ਰੈਟੀਨੋਪੈਥੀ ਦੀ ਛੇਤੀ ਪਛਾਣ ਕਰਨਾ ਨਜ਼ਰ ਨੂੰ ਖਰਾਬ ਹੋਣ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ।

ਡਾਈਬੈਟਕਿ ਰੈਟੀਨੋਪੈਥੀ ਨੂੰ ਵਧਣ ਤੋਂ ਰੋਕਣ ਅਤੇ ਨਜ਼ਰ ਦੇ ਨਾਸ ਦੇ ਜੋਖਮ ਨੂੰ ਘਟਾਉਣ ਲਈ, ਸ਼ੱਕਰ ਰੋਗ ਵਾਲੇ ਮਰੀਜ਼ਾਂ ਨੂੰ ਆਪਣੇ ਖ਼ੂਨ ਵਿੱਚ ਸ਼ੱਕਰ ਦੇ ਪੱਧਰ, ਲਹੂ ਦੇ ਦਬਾਅ ਅਤੇ ਕੋਲੇਸਟ੍ਰੋਲ ਨੂੰ ਨਯਿੰਤਰਣ ਵਿੱਚ ਰੱਖਣਾ ਚਾਹੀਦਾ ਹੈ। ਇਸ ਦੇ ਕਾਫ਼ੀ ਸਾਰੇ ਸਬੂਤ ਹਨ ਕਿ ਖ਼ੂਨ ਵਿੱਚ ਸ਼ੱਕਰ ਦੇ ਪੱਧਰ ਨੂੰ ਨਯਿੰਤਰਣ ਵਿੱਚ ਰੱਖਣ ਨਾਲ ਗੰਭੀਰ ਪ੍ਰੋਲਫਿਰੇਟਵਿ ਡਾਈਬੈਟਕਿ ਰੈਟੀਨੋਪੈਥੀ ਦੇ ਪੈਦਾ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ।

ਨਯਿਮਤਿ ਤੌਰ ‘ਤੇ ਅੱਖਾਂ ਦੇ ਡਾਕਟਰ ਕੋਲ ਜਾਣ ਦੀ ਵੀ ਸਫਿਾਰਸ਼ਿ ਕੀਤੀ ਜਾਂਦੀ ਹੈ।



ਸ਼ੱਕਰ ਰੋਗ ਦੇ ਮਰੀਜ਼ਾਂ ਨੂੰ ਇੱਕ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਆਪਣੀ ਨਜ਼ਰ ਦੀ ਜਾਂਚ ਕਰਾਉਣੀ ਚਾਹੀਦੀ ਹੈ।



ਸ਼ੱਕਰ ਰੋਗ ਵਾਲੀਆਂ ਗਰਭਵਤੀ ਔਰਤਾਂ ਨੂੰ ਆਪਣੀ ਪਹਲਿੀ ਤਮਿਾਹੀ ਵਿੱਚ ਹੀ ਮੁਲਾਕਾਤ ਦਾ ਸਮਾਂ ਤੈਅ ਕਰ ਲੈਣਾ ਚਾਹੀਦਾ ਹੈ, ਕਉਿਂਕ ਿਗਰਭ ਅਵਸਥਾ ਦੇ ਦੌਰਾਨ ਰੈਟੀਨੋਪੈਥੀ ਤੇਜ਼ੀ ਨਾਲ ਵੱਧ ਸਕਦੀ ਹੈ।

## ਡਾਈਬੈਟਕਿ ਰੈਟੀਨੋਪੈਥੀ ਦਾ ਕਵਿੇਂ ਪਤਾ ਲਗਾਇਆ ਜਾਂਦਾ ਹੈ?

ਡਾਈਬੈਟਕਿ ਰੈਟੀਨੋਪੈਥੀ ਵਾਲੇ ਲੋਕਾਂ ਵਿੱਚ ਇਸਦੇ ਕਾਫੀ ਵਧਣ ਤੱਕ ਸ਼ਾਇਦ ਹੀ ਕੋਈ ਲੱਛਣ ਦਖਿਾਈ ਦੇ ਸਕਦੇ ਹਨ ਅਤੇ ਇਲਾਜ਼ ਕਰਨਾ ਵੀ ਮੁਸ਼ਕਲ ਹੁੰਦਾ ਹੈ।

ਅੱਖਾਂ ਦੀ ਸੰਪੂਰਨ ਜਾਂਚ ਤੁਹਾਡੀ ਨਜ਼ਰ ਦੇ ਪ੍ਰਭਾਵਤਿ ਹੋਣ ਤੋਂ ਪਹਲਿਾਂ ਹੀ ਰੈਟੀਨਾ ਵਿੱਚ ਹੋਏ ਬਦਲਾਵਾਂ ਨੂੰ ਪਤਾ ਲਗਾਉਣ ਵਿੱਚ ਸਹਾਇਤਾ ਕਰ ਸਕਦੀ ਹੈ।

ਜੇਕਰ ਤੁਹਾਡੀ ਅੱਖ ਦੀ ਜਾਂਚ ਵਿੱਚ ਡਾਈਬੈਟਕਿ ਰੈਟੀਨੋਪੈਥੀ ਦਾ ਪਤਾ ਲੱਗਦਾ ਹੈ, ਤਾਂ ਇਹ ਪਤਾ ਲਗਾਉਣ ਲਈ ਕਿ ਤੁਹਾਨੂੰ ਇਲਾਜ਼ ਦੀ ਲੋੜ ਹੈ ਜਾਂ ਨਹੀਂ, ਫਲੋਰੋਸਨਿ ਐਂਜੀਓਗ੍ਰਾਫੀ ਜਾਂ ਔਪਟੀਕਲ ਕੋਹੀਅਰੰਸ ਟੋਮੋਗ੍ਰਾਫੀ (OCT) ਨਾਮ ਦਾ ਵਸ਼ਿੇਸ਼ ਟੈਸਟ ਕਰਵਾਉਣ ਦੀ ਲੋੜ ਪੈ ਸਕਦੀ ਹੈ।

ਇੱਕ ਵਾਰ ਡਾਈਬੈਟਕਿ ਰੈਟੀਨੋਪੈਥੀ ਦਾ ਪਤਾ ਲੱਗਣ ਤੋਂ ਬਾਅਦ ਅੱਖਾਂ ਦੀ ਅਕਸਰ ਮੈਡੀਕਲ ਜਾਂਚ ਕਰਵਾਉਣ ਦੀ ਲੋੜ ਪੈ ਸਕਦੀ ਹੈ।



## ਡਾਈਬੈਟਕਿ ਰੈਟੀਨੋਪੈਥੀ ਦਾ ਇਲਾਜ਼ ਕਵਿੇਂ ਕੀਤਾ ਜਾਂਦਾ ਹੈ?

ਡਾਈਬੈਟਕਿ ਰੈਟੀਨੋਪੈਥੀ ਦੇ ਪਹਲਿੀ ਅਵਸਥਾ ਦੇ ਦੌਰਾਨ, ਜਦੋਂ ਤੱਕ ਮੈਕਯੂਲਰ ਐਡਮਿਾ ਨਾ ਹੋਵੇ ਇਲਾਜ਼ ਦੀ ਲੋੜ ਨਹੀਂ ਹੁੰਦੀ। ਜੇ ਤੁਹਾਡੀ ਡਾਈਬੈਟਕਿ ਰੈਟੀਨੋਪੈਥੀ ਗੰਭੀਰ ਅਵਸਥਾ ਵਚਿ ਹੈ, ਤਾਂ ਤੁਹਾਡੀ ਨਜ਼ਰ ਨੂੰ ਸੁਧਾਰਣ ਲਈ ਕੁਝ ਇਲਾਜ਼ ਹੋ ਸਕਦੇ ਹਨ।

ਇਲਾਜ਼ ਦੇ ਵਕਿਲਪ ਪਤਾ ਲਗਾਏ ਗਏ ਡਾਈਬੈਟਕਿ ਰੈਟੀਨੋਪੈਥੀ ਦੇ ਪ੍ਰਕਾਰ ਤੇ ਆਧਾਰਤਿ ਹੁੰਦੇ ਹਨ।

| **ਡਾਈਬੈਟਕਿ ਰੈਟੀਨੋਪੈਥੀ ਦੀ ਵੱਖਰੀ ਅਵਸਥਾਵਾਂ ਲਈ ਇਲਾਜ਼ ਦੇ ਵਕਿਲਪ** | |
|---|---|
| **ਮੈਕਯੂਲਰ ਐਡਮਿਾ** | |
| **ਇਲਾਜ਼ ਦੇ ਵਕਿਲਪ** | **ਵਆਿਖਆਿ** |
| **ਦਵਾਈ:** ਐਂਟੀ-ਵੈਸਕਉਿਲਰ ਐਂਡੋਥੈਲਅਿਲ ਗ੍ਰੋਥ ਫੈਕਟਰ (ਐਂਟੀ-VEGF) ਦਵਾਈਆਂ | ਇਹ ਦਵਾਈਆਂ ਡਾਈਬੈਟਕਿ ਮੈਕਯੂਲਰ ਐਡਮਿਾ ਦੇ ਇਲਾਜ਼ ਲਈ ਸਭ ਤੋਂ ਪਹਲਿੇ ਇਲਾਜ ਦੇ ਤੌਰ 'ਤੇ ਦਤਿੀ ਜਾਂਦੀਆਂ ਹਨ ਅਤੇ ਲਹੂ ਦੀਆਂ ਨਾੜਾਂ ਵਚਿ ਰਸਿਾਵ ਨੂੰ ਘਟਾਉਣ ਲਈ ਅਤੇ ਨਜ਼ਰ ਨੂੰ ਖਰਾਬ ਕਰਨ ਵਾਲੀਆਂ ਅਸਧਾਰਨ ਲਹੂ ਦੀਆਂ ਨਾੜਾਂ ਨੂੰ ਰੋਕਣ ਲਈ ਨਯਿਮਤਿ ਤੌਰ 'ਤੇ ਅੱਖਾਂ ਵਚਿ ਟੀਕੇ ਰਾਹੀਂ ਦਤਿੀਆਂ ਜਾਂਦੀਆਂ ਹਨ, ਜੋ ਨਜ਼ਰ ਦੇ ਨੁਕਸਾਨ ਨੂੰ ਘਟਾਉਣ ਵਚਿ ਮਦਦ ਕਰਦੀਆਂ ਹਨ। |
| **ਲੇਜ਼ਰ:** ਫੋਕਲ ਲੇਜ਼ਰ ਨਾਲ ਇਲਾਜ਼ | ਇਹ ਪ੍ਰਕਰਿਆਿ ਅੱਜਕਲ ਘੱਟ ਵਰਤੀ ਜਾਂਦੀ ਹੈ ਕਉਿਂਕ ਿਐਂਟੀ-VEGF ਦਵਾਈਆਂ ਉਪਲਬਧ ਹਨ। |
| **ਮੈਕਯੂਲਰ ਇਸਕੇਮੀਆ** | |
| **ਇਲਾਜ਼ ਦੇ ਵਕਿਲਪ** | **ਵਆਿਖਆਿ** |
| ਉਪਲਬਧ ਨਹੀਂ | ਬਦਕਸਿਮਤੀ ਨਾਲ, ਵਰਤਮਾਨ ਸਮੇਂ ਵਚਿ ਇਸਦਾ ਕੋਈ ਪ੍ਰਭਾਵੀ ਇਲਾਜ਼ ਨਹੀਂ ਹਨ। |
| **ਪ੍ਰੋਲਫਿਰੇਟਵਿ ਡਾਈਬੈਟਕਿ ਰੈਟੀਨੋਪੈਥੀ** | |
| **ਇਲਾਜ਼ ਦੇ ਵਕਿਲਪ** | **ਵਆਿਖਆਿ** |
| **ਲੇਜ਼ਰ:** ਪੈਨ-ਰੈਟੀਨਲ ਫੋਟੋਕੋਗਉਿਲੇਸ਼ਨ | ਇਸ ਲੇਜ਼ਰ ਸਰਜਰੀ ਦੀ ਵਰਤੋਂ ਨਵੀਆਂ, ਨਾਜ਼ੁਕ, ਅਸਧਾਰਨ ਲਹੂ ਦੀਆਂ ਨਾੜਾਂ ਨੂੰ ਸੁੰਘੜਾਉਣ ਅਤੇ ਖ਼ੂਨ ਰਸਿਣ ਦੇ ਜ਼ੋਖਮ ਨੂੰ ਘਟਾਉਣ ਲਈ ਕੀਤੀ ਜਾਂਦੀ ਹੈ। ਇੱਕ ਜਾਂ ਵੱਧ ਇਲਾਜ਼ ਦੇ ਸੈਸ਼ਨ ਦੌਰਾਨ, ਤੁਹਾਡਾ ਡਾਕਟਰ ਮੈਕਯੂਲਾ ਤੋਂ ਦੂਰ ਰੱਖ ਕੇ ਲੇਜ਼ਰ ਨਾਲ ਰੈਟੀਨਾ ਦੇ ਖੇਤਰ ਨੂੰ ਮਚਾਉਂਦਾ ਹੈ ਜਸਿ ਨਾਲ ਅਸਧਾਰਨ ਲਹੂ ਦੀਆਂ ਨਾੜਾਂ ਸੁੰਘੜ ਜਾਂਦੀਆਂ ਹਨ। ਇਸ ਨਾਲ ਥੋੜ੍ਹੀ ਪਾਸੇ ਦੀ ਅਤੇ ਰਾਤ ਦੀ ਨਜ਼ਰ ਕਮਜ਼ੋਰ ਹੋ ਸਕਦੀ ਹੈ, ਪਰ ਇਹ ਇਲਾਜ਼ ਨਜ਼ਰ ਦੇ ਗੰਭੀਰ ਨੁਕਸਾਨ ਤੋਂ ਬਚਾਉਂਦਾ ਹੈ। |
| **ਸਰਜਰੀ:** ਵਟਿ੍ਰੇਕਟੋਮੀ | ਜੇਕਰ ਤੁਹਾਡੀ ਅੱਖ ਵਚਿ ਖ਼ੂਨ ਦੇ ਰਸਿਾਵ ਦੀ ਸਥਤਿੀ ਗੰਭੀਰ ਹੈ ਅਤੇ ਇਸ ਨੂੰ ਸਮੇਂ ਤੇ ਸਾਫ਼ ਨਹੀਂ ਕੀਤਾ ਜਾਂਦਾ, ਜਾਂ ਰੈਟੀਨਾ ਦੇ ਅਲੱਗ ਹੋਣ ਦਾ ਪਤਾ ਲਗਦਾ ਹੈ, ਤਾਂ ਵਟਿ੍ਰੇਕਟੋਮੀ ਨਾਮ ਦਾ ਇੱਕ ਓਪਰੇਸ਼ਨ ਕੀਤਾ ਜਾਂਦਾ ਹੈ। ਵਟਿ੍ਰੇਕਟੋਮੀ ਦੇ ਦੌਰਾਨ, ਇੱਕ ਰੈਟੀਨਾ ਦਾ ਮਾਹਰ ਡਾਕਟਰ ਰਸਿੇ ਹੋਏ ਖ਼ੂਨ ਨੂੰ ਹਟਾਉਂਦਾ ਹੈ ਅਤੇ ਕੋਈ ਵਕਿਸਤਿ ਹੋਏ ਜਖ਼ਮੀ ਟਸ਼ਿੂਆਂ ਦੇ ਧੱਬੇ ਨੂੰ ਹਟਾਉਂਦਾ ਹੈ, ਅਤੇ ਕਸਿੇ ਵੀ ਅਸਧਾਰਨ ਲਹੂ ਦੀਆਂ ਨਾੜਾਂ ਦੇ ਵਾਧੇ ਨੂੰ ਰੋਕਣ ਲਈ ਲੇਜ਼ਰ ਨਾਲ ਇਲਾਜ਼ ਕਰਦਾ ਹੈ। |

## Canadian Ophthalmological Society ਬਾਰੇ

Canadian Ophthalmological Society (COS) ਕੈਨੇਡਾ ਦੀ ਇੱਕ ਅੱਖਾਂ ਅਤੇ ਨਜ਼ਰ ਦੀ ਸੰਭਾਲ ਦੀ ਰਾਸ਼ਟਰੀ, ਮਾਨਤਾ ਪ੍ਰਾਪਤ ਅਧਿਕਾਰਤ ਸੰਸਥਾ ਹੈ, ਅੱਖਾਂ ਦੇ ਡਾਕਟਰ ਅਤੇ ਸਰਜਨ ਦੇ ਤੌਰ 'ਤੇ, ਅਸੀਂ ਸਾਰੇ ਕੈਨੇਡਾ ਵਾਸੀਆਂ ਨੂੰ ਅੱਖਾਂ ਦੀ ਸਰਵੋਤਮ ਮੈਡੀਕਲ ਅਤੇ ਸਰਜੀਕਲ ਦੇਖਭਾਲ ਪ੍ਰਦਾਨ ਕਰਨ ਲਈ ਸਮਰਪਿਤ ਹਾਂ।

Canadian Ophthalmological Society | Société canadienne d'ophtalmologie
EYE PHYSICIANS AND SURGEONS OF CANADA | MÉDECINS ET CHIRURGIENS OPHTALMOLOGISTES DU CANADA

## See The Possibilities

ਇਹ ਕੈਨੇਡਾ ਦੀ ਜਨਤਾ ਲਈ, ਨਜ਼ਰ ਦੀ ਸਿਹਤ, ਅੱਖ ਦੀਆਂ ਗੰਭੀਰ ਬਿਮਾਰੀਆਂ, ਅਤੇ ਹਰੇਕ ਲਈ ਅੱਖਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ COS ਕੀ ਕਰ ਰਹੀ ਹੈ, ਬਾਰੇ ਜਾਣਕਾਰੀ ਦਾ ਇੱਕ ਸਰੋਤ ਹੈ।

See The Possibilities




www.seethepossibilities.ca
seethepossibilitiesca
seethepossibilitiesca

© 2021 Canadian Ophthalmological Society
110-2733 Lancaster Road, Ottawa ON K1B 0A9
www.cos-sco.ca